# ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ, ਐਸ.ਏ.ਐਸ ਨਗਰ।

(ਤਾਲਮੇਲ ਸ਼ਾਖਾ)

PUDA

ਸੇਵਾ ਵਿਖੇ

1. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
   ਸਥਾਨਕ ਸਰਕਾਰ ਵਿਭਾਗ,
   ਪੰਜਾਬ ਸਿਵਲ ਸਕੱਤਰੇਤ-2, ਚੰਡੀਗੜ੍ਹ।
2. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
   ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ,
   ਪੰਜਾਬ ਸਿਵਲ ਸਕੱਤਰੇਤ-2, ਚੰਡੀਗੜ੍ਹ।
3. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
   ਵਿੱਤ ਵਿਭਾਗ, ਪੰਜਾਬ ਸਿਵਲ ਸਕੱਤਰੇਤ-1,
   ਚੰਡੀਗੜ੍ਹ।
4. ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ,
   ਪੰਜਾਬ ਸਿਵਲ ਸਕੱਤਰੇਤ-1, ਚੰਡੀਗੜ੍ਹ।
5. ਮੁੱਖ ਪ੍ਰਸ਼ਾਸਕ,
   ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ,
   ਐਸ.ਏ.ਐਸ ਨਗਰ।
6. ਮੁੱਖ ਨਗਰ ਯੋਜਨਾਕਾਰ, ਪੰਜਾਬ,
   ਗ੍ਰਾਮ ਅਤੇ ਨਗਰ ਯਜਨਾਬੰਦੀ ਵਿਭਾਗ,
   ਪੁੱਡਾ ਭਵਨ, ਸੈਕਟਰ-62, ਐਸ.ਏ.ਐਸ ਨਗਰ।

ਨੰ: ਪੁੱਡਾ-ਤਾਲਮੇਲ ਸਾਖਾ-ਸ-1/2021/ ਮਿਤੀ:-

ਵਿਸਾ:- ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ (ਪੁੱਡਾ) ਦੀ ਕਾਰਜਕਾਰੀ ਕਮੇਟੀ ਦੀ 20ਵੀਂ ਮੀਟਿੰਗ ਦੀ ਕਾਰਵਾਈ ਜਾਰੀ ਕਰਨ ਬਾਰੇ।

ਸ੍ਰੀਮਾਨ ਜੀ,

ਇਸ ਦਫਤਰ ਦੇ ਪੱਤਰ ਨੰ. ਪੁੱਡਾ-ਤਾਲਮੇਲ ਸਾਖਾ-ਸ-1/2021/ਸਪੈਸ਼ਲ 187-192 ਮਿਤੀ 23.3.21 ਦੀ ਲਗਾਤਾਰਤਾ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ (ਪੁੱਡਾ) ਦੀ ਕਾਰਜਕਾਰੀ ਕਮੇਟੀ ਦੀ 20ਵੀਂ ਮੀਟਿੰਗ ਜੋ ਕਿ ਮਿਤੀ 23.03.2021 ਨੂੰ ਸ਼ਾਮ 05.00 ਵਜੇ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਵੀਡਿਓ ਕੰਨਫਰੈਸਿੰਗ ਰਾਹੀਂ ਹੋਈ ਸੀ, ਦੀ ਕਾਰਵਾਈ (ਪ੍ਰੋਸੀਡਿੰਗ) ਦੀ ਕਾਪੀ ਆਪ ਦੀ ਸੂਚਨਾਂ ਹਿੱਤ ਇਸ ਪੱਤਰ ਨਾਲ ਨੱਥੀ ਕਰਕੇ ਭੇਜੀ ਜਾਂਦੀ ਹੈ ਜੀ।

ਨੱਥੀ : ਮੀਟਿੰਗ ਦੀ ਕਾਰਵਾਈ।

/
( ਸੰਜੀਵ ਕੁਮਾਰ )
ਸੁਪਰਡੰਟ (ਤਾਲਮੇਲ)

ਪਿੱਠ ਅੰਕਣ ਨੰ: ਪੁੱਡਾ-ਤਾਲਮੇਲ ਸਾਖਾ-ਸ-1/2021/ ਮਿਤੀ:-

ਉਪਰੋਕਤ ਦਾ ਉਤਾਰਾ ਸਮੇਤ ਮੀਟਿੰਗ ਦੀ ਕਾਰਵਾਈ ਨਿੱਜੀ ਸਕੱਤਰ/ਮੁੱਖ ਸਕੱਤਰ, ਪੰਜਾਬ ਸਰਕਾਰ, ਪੰਜਾਬ ਸਿਵਲ ਸਕੱਤਰੇਤ-1, ਚੰਡੀਗੜ੍ਹ ਨੂੰ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਨੱਥੀ : ਮੀਟਿੰਗ ਦੀ ਕਾਰਵਾਈ।

/
( ਸੰਜੀਵ ਕੁਮਾਰ )
ਸੁਪਰਡੰਟ (ਤਾਲਮੇਲ)

7861

# ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ, ਐਸ.ਏ.ਐਸ ਨਗਰ।

PUDA

(ਤਾਲਮੇਲ ਸ਼ਾਖਾ)

ਪਿੱਠ ਅੰਕਣ ਨੰ: ਪੁੱਡਾ-ਤਾਲਮੇਲ ਸਾਖਾ-ਸ-1-2021/ ਮਿਤੀ:-

ਪੱਤਰ ਦਾ ਉਤਾਰਾ ਸਮੇਤ ਮੀਟਿੰਗ ਦੀ ਕਾਰਵਾਈ ਵਧੀਕ ਮੁੱਖ ਪ੍ਰਸ਼ਾਸਕ(ਮੁੱ.ਦ), ਪੁੱਡਾ ਐਸ.ਏ.ਐਸ ਨਗਰ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਨੱਥੀ : ਮੀਟਿੰਗ ਦੀ ਕਾਰਵਾਈ।

( ਸੰਜੀਵ ਕੁਮਾਰ )
ਸੁਪਰਡੰਟ (ਤਾਲਮੇਲ)

ਪਿੱਠ ਅੰਕਣ ਨੰ: ਪੁੱਡਾ-ਤਾਲਮੇਲ ਸਾਖਾ-ਸ-1-2021/ ਮਿਤੀ:-

ਪੱਤਰ ਦਾ ਉਤਾਰਾ ਸਮੇਤ ਮੀਟਿੰਗ ਦੀ ਕਾਰਵਾਈ ਵਧੀਕ ਮੁੱਖ ਪ੍ਰਸ਼ਾਸਕ(ਵਿੱਤ ਤੇ ਲੇਖਾ), ਪੁੱਡਾ ਐਸ.ਏ.ਐਸ ਨਗਰ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਨੱਥੀ : ਮੀਟਿੰਗ ਦੀ ਕਾਰਵਾਈ।

( ਸੰਜੀਵ ਕੁਮਾਰ )
ਸੁਪਰਡੰਟ (ਤਾਲਮੇਲ)

ਪਿੱਠ ਅੰਕਣ ਨੰ: ਪੁੱਡਾ-ਤਾਲਮੇਲ ਸਾਖਾ-ਸ-1-2021/ 8723 ਮਿਤੀ:- 1/4/2021

ਪੱਤਰ ਦਾ ਉਤਾਰਾ ਜੀ.ਐਮ.(ਆਈ.ਟੀ.ਐਂਡ.ਸੀ), ਪੁੱਡਾ ਐਸ.ਏ.ਐਸ ਨਗਰ ਜੀ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਮੀਟਿੰਗ ਦੀ ਕਾਰਵਾਈ ਅਤੇ ਅਜੰਡਾ ਪੁੱਡਾ ਦੀ ਵੈਬ ਸਾਈਟ ਤੇ ਅਪਲੋਡ ਕੀਤਾ ਜਾਵੇ ਜੀ।

ਨੱਥੀ : ਮੀਟਿੰਗ ਦੀ ਕਾਰਵਾਈ।

( ਸੰਜੀਵ ਕੁਮਾਰ )
ਸੁਪਰਡੰਟ (ਤਾਲਮੇਲ)

ਪਿੱਠ ਅੰਕਣ ਨੰ: ਪੁੱਡਾ-ਤਾਲਮੇਲ ਸਾਖਾ-ਸ-1-2021/ ਮਿਤੀ:-

07/04

ਪੱਤਰ ਦਾ ਉਤਾਰਾ ਸਮੇਤ ਮੀਟਿੰਗ ਦੀ ਕਾਰਵਾਈ ਹੇਠ ਲਿਖੇ ਦਫਤਰਾਂ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਦਫਤਰ ਨਾਲ ਸਬੰਧਤ ਮੱਦ ਬਾਰੇ ਹੋਏ ਫੈਸਲੇ ਅਨੁਸਾਰ ਲੋੜੀਂਦੀ ਕਾਰਵਾਈ ਕਰਨ ਉਪਰੰਤ ਕੀਤੀ ਕਾਰਵਾਈ ਰਿਪੋਰਟ ਇਸ ਦਫਤਰ ਨੂੰ ਭਿਜਵਾਈ ਜਾਵੇ ਤਾਂ ਜੋ ਫੋਲੋ ਅਪ ਸਬੰਧੀ ਕਾਰਵਾਈ ਕੀਤੀ ਜਾ ਸਕੇ ਜੀ:-

1. ਇੰਜੀਨੀਅਰ-ਇਨ-ਚੀਫ, ਪੁੱਡਾ, ਐਸ.ਏ.ਐਸ ਨਗਰ।
2. ਮੁੱਖ ਇੰਜੀਨੀਅਰ, ਗਮਾਡਾ,ਐਸ.ਏ.ਐਸ ਨਗਰ।
3. ਮਿਲਖ ਅਫਸਰ(ਪਾਲਿਸੀ), ਪੁੱਡਾ, ਐਸ.ਏ.ਐਸ ਨਗਰ।
4. ਅਮਲਾ ਅਫਸਰ(ਅਮਲਾ), ਪੁੱਡਾ, ਐਸ.ਏ.ਐਸ ਨਗਰ।
5. ਮੁੱਖ ਲੇਖਾ ਅਫਸਰ, ਪੁੱਡਾ, ਐਸ.ਏ.ਐਸ ਨਗਰ।
6. ਕਾਨੂੰਨੀ ਸਲਾਹਕਾਰ, ਪੁੱਡਾ, ਐਸ.ਏ.ਐਸ ਨਗਰ।
7. ਸਹਾਇਕ ਲੋਕ ਸੰਪਰਕ ਅਫਸਰ, ਪੁੱਡਾ, ਐਸ.ਏ.ਐਸ ਨਗਰ।

ਨੱਥੀ : ਮੀਟਿੰਗ ਦੀ ਕਾਰਵਾਈ।

( ਸੰਜੀਵ ਕੁਮਾਰ )
ਸੁਪਰਡੰਟ (ਤਾਲਮੇਲ)

**ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 23.03.2021 ਨੂੰ ਸ਼ਾਮ 5.00 ਵਜੇ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ (ਪੁੱਡਾ) ਦੀ ਵੀ.ਸੀ. ਰਾਹੀਂ ਹੋਈ ਕਾਰਜਕਾਰੀ ਕਮੇਟੀ ਦੀ 20ਵੀਂ ਮੀਟਿੰਗ ਦੀ ਕਾਰਵਾਈ।**

ਮੀਟਿੰਗ ਵਿੱਚ ਹੇਠ ਅਨੁਸਾਰ ਮੈਂਬਰਾਂ ਨੇ ਭਾਗ ਲਿਆ:-

| ਲੜੀ ਨੰ: | ਅਧਿਕਾਰੀ ਦਾ ਨਾਮ ਅਤੇ ਅਹੁਦਾ<br>ਸਰਵ ਸ਼੍ਰੀ/ਸ਼੍ਰੀਮਤੀ | ਅਹੁਦਾ |
|---|---|---|
| 1. | ਸਰਵਜੀਤ ਸਿੰਘ, ਆਈ.ਏ.ਐਸ.<br>ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,<br>ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ। | ਮੈਂਬਰ |
| 2. | ਕੇ.ਏ.ਪੀ. ਸਿਨਹਾ, ਆਈ.ਏ.ਐਸ<br>ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,<br>ਵਿੱਤ ਵਿਭਾਗ, ਪੰਜਾਬ। | ਮੈਂਬਰ |
| 3. | ਅਜੋਏ ਕੁਮਾਰ ਸਿਨਹਾ, ਆਈ.ਏ.ਐਸ.<br>ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,<br>ਸਥਾਨਕ ਸਰਕਾਰ ਵਿਭਾਗ, ਪੰਜਾਬ | ਮੈਂਬਰ |
| 4. | ਪਰਦੀਪ ਕੁਮਾਰ ਅਗਰਵਾਲ, ਆਈ.ਏ.ਐਸ.<br>ਮੁੱਖ ਪ੍ਰਸ਼ਾਸਕ, ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ (ਪੁੱਡਾ)। | ਮੈਂਬਰ |
| 5. | ਰਾਜੇਸ਼ ਧੀਮਾਨ, ਵਧੀਕ ਮੁੱਖ ਪ੍ਰਸ਼ਾਸ਼ਕ (ਮੁੱਖ ਦਫਤਰ),<br>ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ (ਪੁੱਡਾ)। | ਵਿਸ਼ੇਸ਼ ਮਹਿਮਾਨ |

ਮੀਟਿੰਗ ਵਿੱਚ ਹੇਠ ਦਰਸਾਏ ਅਨੁਸਾਰ ਲੜੀਵਾਰ ਅਜੰਡਾ ਆਈਟਮ ਕਮੇਟੀ ਵੱਲੋਂ ਵਿਚਾਰੇ ਗਏ ਅਤੇ ਨਿਮਨ ਅਨੁਸਾਰ ਫੈਸਲਾ ਲਿਆ ਗਿਆ :-

**ਅਜੰਡਾ ਆਈਟਮ ਨੰ. 20.01**

**ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ ਕਾਰਜਕਾਰੀ ਕਮੇਟੀ ਦੀ 19ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।**

ਕਮੇਟੀ ਵੱਲੋਂ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

<u>ਅਜੰਡਾ ਆਈਟਮ ਨੰ. 20.02</u>

**ਪੰਜਾਬ ਸਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ (ਪੁੱਡਾ) ਦੀ ਕਾਰਜਕਾਰੀ ਕਮੇਟੀ ਦੀ ਮਿਤੀ 16.07.2020 ਨੂੰ ਹੋਈ 19ਵੀਂ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਅਨੁਸਾਰ ਕੀਤੀ ਕਾਰਵਾਈ ਸਬੰਧੀ ਮੱਦ-ਵਾਰ ਵਿਵਰਣ ।**

ਕਮੇਟੀ ਵੱਲੋਂ ਕੀਤੀ ਗਈ ਕਾਰਵਾਈ ਸਬੰਧੀ ਤਸੱਲੀ ਪ੍ਰਗਟਾਈ ਗਈ।

<u>ਅਜੰਡਾ ਆਈਟਮ ਨੰ. 20.03</u>

**ਪੁੱਡਾ ਅਤੇ ਵੱਖ-ਵੱਖ ਅਥਾਰਟੀਆਂ ਵਿਖੇ ਸਟਾਫ ਦੀ ਰੀ-ਸਟ੍ਰਕਚਰਿੰਗ ਕਰਨ ਬਾਰੇ।**

ਕਮੇਟੀ ਵੱਲੋਂ ਪੁੱਡਾ ਅਤੇ ਵੱਖ-ਵੱਖ ਅਥਾਰਟੀਆਂ ਵਿਖੇ ਸਟਾਫ ਦੀ ਰੀ-ਸਟ੍ਰਕਚਰਿੰਗ ਸਬੰਧੀ ਅਜੰਡਾ ਅਥਾਰਟੀ ਦੀ ਅਗਲੀ ਹੋਣ ਵਾਲੀ ਮੀਟਿੰਗ ਵਿੱਚ ਪੇਸ਼ ਕਰਨ ਦੀ ਆਗਿਆ ਦਿੱਤੀ ਗਈ। ਜਿੱਥੋਂ ਤੱਕ ਕਮੇਟੀ ਵੱਲੋਂ ਪੈਰ੍ਹਾ ਨੰ: 4.1 ਵਿੱਚ ਦਿੱਤੀ ਤਜਵੀਜ ਕਿ "ਇੱਕ ਮੁੱਖ ਇੰਜੀਨੀਅਰ ਮਿਤੀ 31.07.2021 ਨੂੰ ਰਿਟਾਇਰ ਹੋ ਰਹੇ ਹਨ ਅਤੇ ਉਹਨਾਂ ਦੇ ਸੇਵਾ ਨਿਵ੍ਰਿਤ ਹੋਣ ਕਰਕੇ ਦੋ ਆਸਾਮੀਆਂ ਰਹਿ ਜਾਣਗੀਆਂ। ਇਸ ਲਈ ਵਿਅਕਤੀਗਤ ਪਹਿਲੂ ਨੂੰ ਮੁੱਖ ਰੱਖਦੇ ਹੋਏ ਮਿਤੀ 31.07.2021 ਤੱਕ ਮੁੱਖ ਇੰਜੀਨੀਅਰ ਦੀਆਂ ਤਿੰਨ ਅਸਾਮੀਆਂ ਨੂੰ ਬਰਕਰਾਰ ਰੱਖਿਆ ਜਾਵੇ । ਮਿਤੀ 31.07.2021 ਨੂੰ ਇੱਕ ਮੁੱਖ ਇੰਜੀਨੀਅਰ ਦੀ ਰਿਟਾਇਰਮੈਂਟ ਉਪਰੰਤ ਦੋ ਮੁੱਖ ਇੰਜੀਨੀਅਰ ਦੀਆਂ ਅਸਾਮੀਆਂ ਰਹਿ ਜਾਣਗੀਆਂ", ਦੀ ਮਨਜ਼ੂਰੀ ਕਮੇਟੀ ਵੱਲੋਂ ਨਹੀਂ ਦਿੱਤੀ ਗਈ।

<u>ਅਜੰਡਾ ਆਈਟਮ ਨੰ. 20.04</u>

**ਪੁੱਡਾ ਅਤੇ ਸਮੂਹ ਵਿਕਾਸ ਅਥਾਰਟੀਆਂ ਦੇ ਪੈਨਲ ਦੇ ਵਕੀਲਾਂ ਦੀ ਫੀਸ ਵਿੱਚ ਯੋਗ ਵਾਧਾ ਕਰਨ ਬਾਰੇ।**

ਵਿਚਾਰ-ਵਟਾਂਦਰੇ ਉਪਰੰਤ ਕਮੇਟੀ ਵੱਲੋਂ ਅਜੰਡੇ ਵਿੱਚ ਦਿੱਤੀ ਤਜਵੀਜ ਨੂੰ ਪ੍ਰਵਾਨ ਕੀਤਾ ਗਿਆ। ਪਰੰਤੂ ਵਿਭਾਗ ਵੱਲੋਂ ਅਜੰਡੇ ਦੇ ਪੁਆਇੰਟ 'ਖ' ਤੇ ਦਿੱਤੀ ਤਜਵੀਜ ਕਿ ਵਕੀਲ ਦੀ ਨਿਯੁਕਤੀ ਨਿਸ਼ਚਿਤ frame work ਅਨੁਸਾਰ ਕੀਤੀ ਜਾਂਦੀ ਹੈ ਤਾਂ ਪ੍ਰਵਾਨਗੀ ਦੇਣ ਲਈ ਮੁੱਖ ਪ੍ਰਸ਼ਾਸਕ ਸਮਰੱਥ ਹੋਣਗੇ ਅਤੇ ਜੇਕਰ ਨਿਸ਼ਚਿਤ frame work ਤੋਂ ਬਾਹਰ ਵੱਧ ਕੀਮਤ ਤੇ ਕਰਨ ਦੀ ਲੋੜ ਪੈਂਦੀ ਹੈ ਤਾਂ ਵਾਈਸ ਚੇਅਰਮੈਨ ਦੀ ਪੂਰਵ ਪ੍ਰਵਾਨਗੀ ਲੈਣੀ ਪਵੇਗੀ।

<u>ਅਜੰਡਾ ਆਈਟਮ ਨੰ. 20.05</u>

**ਪੁੱਡਾ ਦੇ ਸਾਲ 2020-21 ਦੌਰਾਨ ਚੱਲ ਰਹੇ ਕੰਮਾਂ ਦੀ ਪ੍ਰਗਤੀ ਦੀ ਸੂਚਨਾ।**

ਕਮੇਟੀ ਵੱਲੋਂ ਪੁੱਡਾ ਦੇ ਸਾਲ 2020-21 ਦੌਰਾਨ ਚੱਲ ਰਹੇ ਕੰਮਾਂ ਦੀ ਪ੍ਰਗਤੀ ਦੀ ਨੋਟ ਕੀਤਾ ਗਿਆ ਅਤੇ ਨਾਲ ਹੇਠ ਲਿਖੇ ਅਨੁਸਾਰ ਪ੍ਰੇਖਣ ਕੀਤੇ ਗਏ:-

1) ਓ.ਯੂ.ਵੀ.ਜੀ.ਐਲ. ਦੇ ongoing works ਦੀ ਸਮੁੱਚੀ ਲਿਸਟ ਅੱਗੇ ਤੋਂ ਅਜੰਡੇ ਦੇ ਨਾਲ ਪੇਸ਼ ਕੀਤੀ ਜਾਵੇ।
2) ਇੰਡਸਟਰੀਅਲ ਪਾਰਕ ਕੂਮਕਲਾਂ ਜਿਲ੍ਹਾ ਲੁਧਿਆਣਾ ਦੇ ਨੋਟ ਵਿੱਚ ਇਹ ਸ਼ਾਮਲ ਕਰਨ ਦੀ ਹਦਾਇਤ ਕੀਤੀ ਗਈ ਕਿ ਇਸ ਜਮੀਨ ਤੇ ਟੈਕਸਟਾਈਲ ਪਾਰਕ ਲਗਾਉਣ ਲਈ ਭਾਰਤ ਸਰਕਾਰ ਨੂੰ ਤਜਵੀਜ਼ ਕੀਤਾ ਗਿਆ ਹੈ।
3) ਕੂਮਕਲਾਂ ਜਿਲ੍ਹਾ ਲੁਧਿਆਣਾ ਅਤੇ ਰਾਜਪੁਰਾ ਵਿੱਚ ਭੌ ਮਾਲਕਾਂ ਵੱਲੋਂ ਕੀਤੇ ਕੋਰਟ ਕੇਸਾਂ ਦੀ ਅਥਾਰਟੀ ਵੱਲੋਂ ਢੁੱਕਵੀ ਪੈਰਵ੍ਹੀ ਕਰਨੀ ਯਕੀਨੀ ਬਣਾਈ ਜਾਵੇ।
4) Environment Impact assessment ਤੁਰੰਤ ਚਾਲੂ ਕਰਵਾਈ ਜਾਵੇ।

<u>ਅਜੰਡਾ ਆਈਟਮ ਨੰ. 20.06</u>

**ਪੁੱਡਾ ਅਤੇ ਵੱਖ-2 ਵਿਕਾਸ ਅਥਾਰਟੀਆਂ ਅਧੀਨ ਆਉਂਦੇ ਰਕਬੇ ਵਿੱਚ ਮੈਨਟੇਨੈਂਸ ਚਾਰਜਿਜ ਵਸੂਲਣ ਸਬੰਧੀ ਪਾਲਿਸੀ ਨਿਰਧਾਰਤ ਕਰਨ ਸਬੰਧੀ।**

ਵਿਚਾਰ-ਵਟਾਂਦਰੇ ਉਪਰੰਤ ਇਹ ਫੈਸਲਾ ਕੀਤਾ ਗਿਆ ਕਿ ਸਥਾਨਕ ਸਰਕਾਰ ਵੱਲੋਂ ਪ੍ਰਾਪਰਟੀ ਟੈਕਸ ਵਸੂਲਣ ਲਈ ਰੇਟਸ ਨੋਟੀਫਾਈ ਕੀਤੇ ਗਏ ਹਨ, ਦੀ ਤਰਜ ਤੇ ਪੁੱਡਾ ਅਤੇ ਵੱਖ-2 ਵਿਕਾਸ ਅਥਾਰਟੀਆਂ ਅਧੀਨ ਆਉਂਦੇ ਰਕਬੇ ਵਿੱਚ ਮੁਹੱਈਆ ਕੀਤੀਆਂ ਵੱਖ-ਵੱਖ ਸੇਵਾਵਾਂ ਦੇ ਰੱਖ-ਰਖਾਓ ਲਈ ਮੈਨਟੇਨੈਂਸ ਚਾਰਜਿਜ ਵਸੂਲਣ ਸਬੰਧੀ ਰੇਟਸ ਨੋਟੀਫਾਈ ਕੀਤੇ ਜਾਣ।

<u>ਅਜੰਡਾ ਆਈਟਮ ਨੰ. 20.07</u>

**Punjab Urban Development Authorities Amnesty Scheme - 2021 for recovery of outstanding instalments from allottees of Urban Development Authorities.**

ਕਮੇਟੀ ਵੱਲੋਂ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਨੋਟ ਕੀਤੀ ਅਤੇ ਹਦਾਇਤ ਕੀਤੀ ਕਿ:-

1) ਸਾਰੀਆਂ ਅਥਾਰਟੀਆਂ ਨੂੰ ਕਿਹਾ ਜਾਵੇ ਕਿ ਜਿਹੜੇ ਡਿਫਾਲਟਰਜ ਵੱਲ ਰਿਕਵਰੀ ਡਿਊ ਹੈ, ਉਹਨਾਂ ਦੀਆਂ ਲਿਸਟਾਂ ਤਿਆਰ ਕੀਤੀਆਂ ਜਾਣ।

2) ਜਿਹੜੇ ਇਸ ਸਕੀਮ ਤੋਂ ਬਾਅਦ ਵੀ ਡਿਫਾਲਟਰਜ਼ ਰਹਿ ਜਾਂਦੇ ਹਨ, ਉਹਨਾਂ ਵਿਰੁੱਧ ਪ੍ਰਾਪਰਟੀ ਜ਼ਬਤ ਕਰਨ ਸਬੰਧੀ ਨਿਯਮਾਂ ਅਨੁਸਾਰ ਕਾਰਵਾਈ ਆਰੰਭੀ ਜਾਵੇ।

<u>ਅਜੰਡਾ ਆਈਟਮ ਨੰ. 20.08</u>

ਮੁੱਖ-ਮੰਤਰੀ ਰਾਹਤ ਕੋਸ਼ ਵਿੱਚ 50.00 ਲੱਖ ਰੁਪਏ ਦੀ ਜਮ੍ਹਾਂ ਕਰਵਾਈ ਗਈ ਰਾਸ਼ੀ ਦੀ ਕਾਰਜ-ਬਾਅਦ ਪ੍ਰਵਾਨਗੀ ਲੈਣ ਬਾਰੇ।

ਕਮੇਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਅਜੰਡੇ ਦੀ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

<u>ਅਜੰਡਾ ਆਈਟਮ ਨੰ. 20.09</u>

ਰਾਜ ਦੇ ਸਰਕਾਰੀ ਵਿਭਾਗਾਂ ਅਤੇ ਉਹਨਾਂ ਦੇ ਅਧੀਨ ਆਉਂਦੇ ਬੋਰਡ/ਕਾਰਪੋਰੇਸ਼ਨਾਂ ਆਦਿ ਵਿੱਚ ਹੋਣ ਵਾਲੀ ਨਵੀਂ ਸਿੱਧੀ ਭਰਤੀ/ਤਰਸ ਦੇ ਅਧਾਰ ਤੇ ਨਿਯੁਕਤੀਆਂ ਦੇ ਤਨਖਾਹ ਸਕੇਲ/ਪੇਅ ਮੈਟ੍ਰਿਕਸ ਦਰਸਾਉਣ ਸਬੰਧੀ ਪ੍ਰਾਪਤ ਹੋਈ ਸਿਫਾਰਸ਼ਾਂ ਲਾਗੂ ਕਰਨ ਸਬੰਧੀ।

ਕਮੇਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਪ੍ਰਵਾਨ ਕੀਤੀ ਗਈ।

<u>ਅਜੰਡਾ ਆਈਟਮ ਨੰ. 20.10</u>

ਪੁੱਡਾ ਅਧਿਕਾਰੀਆਂ/ਕਰਮਚਾਰੀਆਂ ਦੇ ਕੰਨਵੇਅਸ ਦੀ ਪ੍ਰਤੀ-ਪੂਰਤੀ ਵਿੱਚ ਵਾਧਾ ਕਰਨ ਬਾਰੇ।

ਕਮੇਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਇਹ ਮੱਦ ਸਥਗਿਤ ਕੀਤੀ ਗਈ ਅਤੇ ਹਦਾਇਤ ਕੀਤੀ ਕਿ ਪੰਜਾਬ ਸਰਕਾਰ ਦੇ ਕਨਵੇਅਸ ਦੀ ਪ੍ਰਤੀ-ਪੂਰਤੀ ਦੇ ਜੋ ਰੇਟ ਹਨ, ਨੂੰ ਘੋਖ ਕੇ ਉਹਨਾਂ ਅਨੁਸਾਰ ਜੇ ਲੋੜ ਹੋਵੇ, ਤਾਂ ਮੁੜ ਅਜੰਡਾ ਪੇਸ਼ ਕੀਤਾ ਜਾਵੇ।

<u>ਅਜੰਡਾ ਆਈਟਮ ਨੰ. 20.11</u>

ਪ੍ਰਸੋਨਲ ਵਿਭਾਗ, ਪੰਜਾਬ ਸਰਕਾਰ ਦੀਆਂ ਹਦਾਇਤਾਂ ਦੇ ਸਨਮੁੱਖ ਸੀਨੀਅਰ ਸਹਾਇਕ ਦੀ ਅਸਾਮੀ ਤੇ ਪੱਦ-ਉਨਤੀ ਲਈ ਤਜਰਬਾ ਘਟਾਉਣ ਸਬੰਧੀ ।

ਕਮੇਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਪ੍ਰਵਾਨ ਕੀਤੀ ਗਈ।

<u>ਅਜੰਡਾ ਆਈਟਮ ਨੰ. 20.12</u>

**ਜੂਨੀਅਰ ਡਰਾਫਟਸਮੈਨ ਤੋਂ ਬਤੌਰ ਡਰਾਫਟਸਮੈਨ ਦੀ ਅਸਾਮੀ ਤੇ ਪੱਦ ਉਨਤੀ ਸਬੰਧੀ ਤਜਰਬਾ ਘਟਾਉਣ ਬਾਰੇ।**

ਕਮੇਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਅਜੰਡਾ ਸਥਗਿਤ (defer) ਕੀਤਾ ਗਿਆ। ਨਾਲ ਹੀ ਕਮੇਟੀ ਵੱਲੋਂ ਹਦਾਇਤ ਕੀਤੀ ਗਈ ਕਿ ਪੰਜਾਬ ਸਰਕਾਰ ਦੇ ਵਿਭਾਗਾਂ ਵਿੱਚ ਜੂਨੀਅਰ ਡਰਾਫਟਸਮੈਨ ਤੋਂ ਬਤੌਰ ਡਰਾਫਟਸਮੈਨ ਦੀ ਅਸਾਮੀ ਤੇ ਪੱਦ ਉਨਤੀ ਸਬੰਧੀ ਜੋ ਨਾਰਮਜ਼ ਹਨ, ਉਹਨਾਂ ਨੂੰ ਘੋਖ ਕੇ ਅਜੰਡਾ ਮੁੜ ਪੇਸ਼ ਕੀਤਾ ਜਾਵੇ।

<u>ਅਜੰਡਾ ਆਈਟਮ ਨੰ. 20.13</u>

**ਪੁੱਡਾ ਵਿੱਚ ਕੰਮ ਕਰਦੇ ਹੈਲਪਰਾਂ ਨੂੰ ਮੁੱਢਲਾ ਸਕੇਲ 2620 ਦੀ ਥਾਂ ਤੇ 2720/- ਦੇਣ ਬਾਰੇ।**

ਕਮੇਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਨੂੰ ਰੱਦ ਕੀਤਾ ਗਿਆ।

<u>ਅਜੰਡਾ ਆਈਟਮ ਨੰ. 20.14</u>

**ਪੁੱਡਾ ਵਿੱਚ ਕੰਮ ਕਰਦੇ 59 ਕਾਮਿਆਂ ਨੂੰ 4-9-14 ਦਾ ਲਾਭ ਦੇਣ ਬਾਰੇ।**

ਕਮੇਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਨੂੰ ਰੱਦ ਕੀਤਾ ਗਿਆ।

<u>ਅਜੰਡਾ ਆਈਟਮ ਨੰ. 20.15</u>

**ਉਪ ਮੰਡਲ ਇੰਜੀਨੀਅਰ (ਬਿਜਲੀ) ਦੇ ਪੱਦ-ਉਨਤੀ ਕੋਟੇ ਵਿੱਚ ਸੋਧ ਕਰਨ ਸਬੰਧੀ।**

ਕਮੇਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਪ੍ਰਵਾਨ ਕੀਤੀ ਗਈ।

<u>ਅਜੰਡਾ ਆਈਟਮ ਨੰ. 20.16</u>

**ਰੈਗੂਲਰ ਵਰਕਚਾਰਜ ਅਮਲੇ (ਲੈਜਰ ਕੀਪਰ/ਮੀਟਰ ਰੀਡਰ /ਬਿੱਲ ਕਲਰਕਾਂ) ਲਈ ਸੀਨੀਅਰ ਸਹਾਇਕਾਂ ਦੀਆਂ ਪ੍ਰੋਮੋਸ਼ਨ ਕੋਟੇ ਦੀਆਂ ਸੀਟਾਂ ਰਾਖਵੀਂ ਰੱਖਣ ਬਾਰੇ।**

ਕਮੇਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਨੂੰ ਰੱਦ ਕੀਤਾ ਗਿਆ।

**ਅਜੰਡਾ ਆਈਟਮ ਨੰ. 20.17**

**Annual Administrative Report for the year 2018-19.**

ਕਮੇਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਪ੍ਰਵਾਨ ਕੀਤੀ ਗਈ।

**ਅਜੰਡਾ ਆਈਟਮ ਨੰ. 20.18**

**ਪੁੱਡਾ ਅਥਾਰਿਟੀ ਦੇ ਸਾਲ 2019-20 ਦੇ ਸਲਾਨਾ ਲੇਖਿਆਂ ਦੀ ਪ੍ਰਵਾਨਗੀ ਸਬੰਧੀ।**

ਕਮੇਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਅਜੰਡੇ ਵਿੱਚ ਦਿੱਤੀ ਗਈ ਤਜਵੀਜ ਪ੍ਰਵਾਨ ਕੀਤੀ ਗਈ।

ਮੀਟਿੰਗ ਧੰਨਵਾਦ ਦੇ ਮਤੇ ਸਹਿਤ ਸਮਾਪਤ ਹੋਈ।

ਮੁੱਖ ਸਕੱਤਰ